ਸੰਥਿਆ ਸ੍ਰੀ ਸੋਹਿਲਾ ਸਾਹਿਬ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਸੋਰਠਿ ਮਹਲਾ ੫ ॥		
ਗੁਰ ਕਾ ਸਬਦੁ ਰਖਵਾਰੇ ॥	ਸ਼ਬਦੁ	
ਚਉਕੀ, ਚਉਗਿਰਦ ਹਮਾਰੇ ॥	ਚਉਂਕੀ	ਗੁਰ ਕਾ ਸ਼ਬਦ ਜਪਣ ਨਾਲ ਦੁਆਲੇ ਸੁਰਖਿਆ ਦੀ ਹੱਦ ਬਣ ਜਾਂਦੀ ਹੈ।
ਰਾਮ ਨਾਮਿ, ਮਨੁ ਲਾਗਾ ॥		ਜਦੋਂ ਰਾਮਨਾਮ ਵਿਚ ਮਨ ਲੱਗ ਗਿਆ। "ਨਾਮਿ" ਦੀ ਸਿਹਾਰੀ "ਵਿਚ" ਦਾ ਅਰਥ ਦਿੰਦੀ ਹੈ।
ਜਮੁ, ਲਜਾਇ ਕਰਿ ਭਾਗਾ ॥੧॥	ਲੱਜਾਇ	ਜਮੁ ਲੱਜਾ ਖਾ ਕੇ ਭੱਜ ਗਿਆ (ਜਦੋਂ ਉਸ ਦਾ ਕੋਈ ਵੱਸ ਨਾ ਚਲਿਆ)।
ਪ੍ਰਭ ਜੀ, ਤੂ ਮੇਰੋ ਸੁਖਦਾਤਾ ॥		
ਬੰਧਨ ਕਾਟਿ, ਕਰੇ ਮਨੁ ਨਿਰਮਲੁ, ਪੂਰਨ ਪੁਰਖੁ ਬਿਧਾਤਾ ॥ ਰਹਾਉ ॥		
ਨਾਨਕ, ਪ੍ਰਭੁ ਅਬਿਨਾਸੀ ॥	ਅਬਿਨਾਸ਼ੀ	
ਤਾ ਕੀ ਸੇਵ, ਨ ਬਿਰਥੀ ਜਾਸੀ ॥		ਵਾਹਿਗੁਰੂ ਦੀ ਸੇਵਾ (ਨਾਮ ਜਪਣ ਦੀ ਸੇਵਾ) ਕਦੇ ਬਿਰਥੀ ਨਹੀਂ ਜਾਂਦੀ।
ਅਨਦ ਕਰਹਿ, ਤੇਰੇ ਦਾਸਾ ॥	ਅਨੰਦ, ਕਰਹਿੰ	
ਜਪਿ, ਪੂਰਨ ਹੋਈ ਆਸਾ ॥੨॥੪॥੬੮॥		ਨਾਮ ਜਪ ਕੇ ਆਸਾ ਪੂਰੀ ਹੋ ਗਈ।
ਬਿਲਾਵਲੁ ਮਹਲਾ ੫ ॥		
ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ ॥	ਸ਼ਰਣਾਈ	੧. ਤਾਤੀ ਵਾਉ - ਗਰਮ ਹਵਾ। ੨. ਪਾਰਬ੍ਰਹਮ ਦੀ ਸ਼ਰਣ ਵਿਚ ਤੱਤੀ ਹਵਾ ਵੀ ਨਹੀਂ ਲਗਦੀ।
ਚਉਗਿਰਦ ਹਮਾਰੈ ਰਾਮਕਾਰ, ਦੁਖੁ ਲਗੈ ਨ ਭਾਈ ॥੧॥		ਨਾਮ ਜਪ ਕੇ ਸਰੀਰ ਦੁਆਲੇ ਰਾਮ-ਕਾਰ ਆ ਜਾਂਦੀ ਹੈ ਜਿਸ ਕਰਕੇ ਦੁਖ ਨਹੀਂ ਲਗਦਾ।
ਸਤਿਗੁਰੁ ਪੂਰਾ ਭੇਟਿਆ, ਜਿਨਿ ਬਣਤ ਬਣਾਈ ॥		
ਰਾਮ ਨਾਮੁ ਅਉਖਧੁ ਦੀਆ, ਏਕਾ ਲਿਵ ਲਾਈ ॥੧॥ ਰਹਾਉ ॥		
ਰਾਖਿ ਲੀਏ ਤਿਨਿ ਰਖਨਹਾਰਿ, ਸਭ ਬਿਆਧਿ ਮਿਟਾਈ ॥		
ਕਹੁ ਨਾਨਕ, ਕਿਰਪਾ ਭਈ, ਪ੍ਰਭ ਭਏ ਸਹਾਈ ॥੨॥੧੫॥੭੯॥		

ਸੰਥਿਆ ਸ੍ਰੀ ਸੋਹਿਲਾ ਸਾਹਿਬ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਸਲੋਕੁ ॥		
ਜਹ ਸਾਧੂ ਗੋਬਿਦ ਭਜਨੁ ਕੀਰਤਨੁ, ਨਾਨਕ ਨੀਤ ॥	ਜਹਂ, ਗੋਬਿੰਦ	੧. ਇਥੇ "ਗੋਬਿੰਦ" ਦੇਹਲੀ ਦੀਪਕ ਹੈ - "ਗੋਬਿੰਦ" ਦਾ ਸੰਬੰਧ ਇਕ ਪਾਸੇ ਸਾਧੂ ਨਾਲ ਹੈ ਤੇ ਦੂਸਰੇ ਪਾਸੇ "ਭਜਨੁ" ਅਤੇ "ਕੀਰਤਨੁ" ਨਾਲ ਵੀ ਹੈ। ੨. ਪੰਕਤੀ ਦਾ ਭਾਵ ਹੈ - (ਧਰਮ ਰਾਇ ਆਪਣੇ ਦੂਤਾਂ ਨੂੰ ਕਹਿੰਦਾ ਹੈ) ਜਿਥੇ ਗੋਬਿੰਦ ਦੇ ਸਾਧੂ, ਗੋਬਿੰਦ ਦਾ ਭਜਨ ਅਤੇ ਕੀਰਤਨ ਨਿਤ ਕਰਦੇ ਹੋਣ। (ਦੇਖੋ ਅਗਲੀ ਪੰਕਤੀ)
ਣਾ ਹਉ, ਣਾ ਤੂੰ, ਣਹ ਛੁਟਹਿ, ਨਿਕਟਿ ਨ ਜਾਈਅਹੁ ਦੂਤ ॥੧॥	ਹਉਂ, ਛੁਟਹਿਂ	ਪੰਕਤੀ ਦਾ ਭਾਵ - ਉਸ ਥਾਂ ਦੇ (ਦੇਖੋ ਪਿਛਲੀ ਪੰਕਤੀ) ਨਜ਼ਦੀਕ, ਹੇ ਦੂਤੋ ਤੁਸੀਂ ਨਾ ਜਾਇਓ; (ਜੇ ਤੁਸੀਂ ਗਏ ਤਾਂ) ਨਾਂ ਮੈਂ ਛੁਟਣਾ ਹੈ (ਸਜ਼ਾ ਤੋਂ) ਨਾਂ ਤੁਸੀਂ ਛੁਟਣਾ ਹੈ।
ਸਲੋਕ ਮਃ ੫ ॥		
ਮਨ ਮਹਿ ਚਿਤਵਉ ਚਿਤਵਨੀ, ਉਦਮੁ ਕਰਉ ਉਠਿ ਨੀਤ ॥	ਚਿਤਵਉਂ, ਕਰਉਂ	
ਹਰਿ ਕੀਰਤਨ ਕਾ ਆਹਰੋ, ਹਰਿ ਦੇਹੁ, ਨਾਨਕ ਕੇ ਮੀਤ ॥੧॥		ਹੇ ਹਰੀ, ਹੇ ਨਾਨਕ ਕੇ ਮੀਤ, ਹਰੀ ਕੀਰਤਨ ਦਾ ਆਹਰ (ਕੰਮ, ਕਾਰ, ਸੇਵਾ) ਦੇਵੋ ਜੀ।
ੴ ਸਤਿਗੁਰਪ੍ਰਸਾਦਿ ॥		"ਪ੍ਰਸਾਦਿ" ਦਾ ਉਚਾਰਨ "ਪ੍ਰਸ਼ਾਦਿ" ਕਰਨਾ ਠੀਕ ਨਹੀਂ ਹੈ।
ਸੋਹਿਲਾ, ਰਾਗੁ ਗਉੜੀ ਦੀਪਕੀ, ਮਹਲਾ ੧		"ਸੋਹਿਲਾ" ਬਾਣੀ ਦਾ ਨਾਮ ਹੈ।
ਜੈ ਘਰਿ ਕੀਰਤਿ ਆਖੀਐ, ਕਰਤੇ ਕਾ ਹੋਇ ਬੀਚਾਰੋ ॥		ਜਿਸ ਸਤਿਸੰਗਤਿ ਰੂਪੀ ਘਰ ਵਿਖੇ ਉਹਦੀ ਕੀਰਤਿ ਆਖੀ ਜਾਂਦੀ ਹੈ ਤੇ ਜਿਥੇ ਕਰਤੇ ਦਾ ਨਾਮ ਰੂਪੀ ਵਿਚਾਰ ਹੁੰਦਾ ਹੈ...
ਤਿਤੁ ਘਰਿ ਗਾਵਹੁ ਸੋਹਿਲਾ, ਸਿਵਰਿਹੁ ਸਿਰਜਣਹਾਰੋ ॥੧॥		ਓਸ ਘਰ (ਸੰਗਤਿ) ਵਿਖੇ ਸਿਰਜਣਹਾਰੇ ਵਾਹਿਗੁਰੂ ਦਾ ਪ੍ਰੇਮ ਰੂਪੀ ਸੋਹਿਲਾ ਗਾਵੋ ਤੇ ਇਸ ਬਿਧਿ ਉਸ ਸਿਰਜਣਹਾਰੇ ਨੂੰ ਸਿਮਰੋ।
ਤੁਮ ਗਾਵਹੁ, ਮੇਰੇ ਨਿਰਭਉ ਕਾ ਸੋਹਿਲਾ ॥		

ਸੰਥਿਆ ਸ੍ਰੀ ਸੋਹਿਲਾ ਸਾਹਿਬ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਹਉ ਵਾਰੀ, ਜਿਤੁ ਸੋਹਿਲੈ, ਸਦਾ ਸੁਖੁ ਹੋਇ ॥੧॥ ਰਹਾਉ ॥		
ਨਿਤ ਨਿਤ ਜੀਅੜੇ ਸਮਾਲੀਅਨਿ, ਦੇਖੈਗਾ ਦੇਵਣਹਾਰੁ ॥		
ਤੇਰੇ, ਦਾਨੈ ਕੀਮਤਿ ਨਾ ਪਵੈ, ਤਿਸੁ ਦਾਤੇ ਕਵਣੁ ਸੁਮਾਰੁ ॥੨॥	ਸ਼ੁਮਾਰੁ	ਤੇਰੇ ਤੋਂ ਉਸ ਦੇ ਦਾਨ ਦੀ ਕੀਮਤਿ ਤਾਂ ਪੈਂਦੀ ਨਹੀਂ ਫਿਰ ਉਸ ਦਾਤੇ ਬਾਰੇ ਕੀ ਸ਼ੁਮਾਰ ਜਾਂ ਗਿਣਤੀ ਕਰ ਸਕਦਾ ਹੈਂ। "ਤੇਰੇ" ਦੀ ਪਿਛਲੀ ਲਾਂਵ ਵਿਚੋਂ "ਤੋਂ" ਦੇ ਮਾਅਨੇ ਨਿਕਲਦੇ ਹਨ।
ਸੰਬਤਿ ਸਾਹਾ ਲਿਖਿਆ, ਮਿਲਿ ਕਰਿ, ਪਾਵਹੁ ਤੇਲੁ ॥		
ਦੇਹੁ ਸਜਣ ਅਸੀਸੜੀਆ, ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥	ਅਸੀਸੜੀਆਂ, ਜਿਉਂ	ਅਸੀਸੜੀਆ ਤੋਂ ਭਾਵ ਹੈ ਅਸੀਸਾਂ ਦਾ।
ਘਰਿ ਘਰਿ ਏਹੋ ਪਾਹੁਚਾ, ਸਦੜੇ ਨਿਤ ਪਵੰਨਿ ॥		"ਪਾਹੁਚਾ" ਦਾ ਉਚਾਰਨ "ਪਾਹੁੰਚਾ" ਨਹੀਂ ਕਰਨਾ। ਪਾਹੁਚਾ ਦਾ ਭਾਵ ਹੈ ਸੰਦੇਸ਼।
ਸਦਣਹਾਰਾ ਸਿਮਰੀਐ, ਨਾਨਕ, ਸੇ ਦਿਹ ਆਵੰਨਿ ॥੪॥੧॥		
ਰਾਗੁ ਆਸਾ, ਮਹਲਾ ੧ ॥		
ਛਿਅ ਘਰ, ਛਿਅ ਗੁਰ, ਛਿਅ ਉਪਦੇਸ ॥	ਉਪਦੇਸ਼	੧. ੬ ਘਰ ਹਨ - ਨਿਆਏ, ਵਿਸ਼ੇਸ਼ੀਕਾ, ਸਾਂਖ (ਸਮਖਿਆ), ਯੋਗ (ਪਾਤੰਜਲ), ਪੂਰਬਾ ਮੀਮਾਸਾ, ਉਤਰਾ ਮੀਮਾਸਾ (ਵੇਦਾਂਤ)। ੨. ੬ ਗੁਰ ਹਨ - ਗੌਤਮ ਮੁਨੀ, ਕਣਾਦ ਮੁਨੀ, ਕਪਲ ਮੁਨੀ, ਪਾਤੰਜਲੀ, ਜੈਮਨੀ, ਰਿਸ਼ੀ ਬਿਆਸ।
ਗੁਰੁ ਗੁਰੁ ਏਕੋ, ਵੇਸ ਅਨੇਕ ॥੧॥		ਪਹਿਲੀ ਪੰਕਤੀ ਵਿਚ ੬ ਮੁੱਖ ਗੁਰੂਆਂ ਦਾ ਨਾਮ ਲਿਖਿਆ ਹੈ ਪਰ ਇਸ ਪੰਕਤੀ ਵਿਚ ਦੱਸਦੇ ਹਨ ਕਿ ਸੱਚਾ ਗੁਰੂ ਇਕੋ ਹੈ ਪਰ ਉਸਦੇ ਕਈ ਰੂਪ ਹਨ। ਗੁਰਮਤਿ ੬ ਸ਼ਾਸਤ੍ਰਾਂ ਨੂੰ ਮਾਨਤਾ ਨਹੀਂ ਦਿੰਦੀ।
ਬਾਬਾ, ਜੈ ਘਰਿ, ਕਰਤੇ ਕੀਰਤਿ ਹੋਇ ॥		
ਸੋ ਘਰੁ ਰਾਖੁ, ਵਡਾਈ ਤੋਇ ॥੧॥ ਰਹਾਉ ॥		
ਵਿਸੁਏ, ਚਸਿਆ, ਘੜੀਆ, ਪਹਰਾ, ਥਿਤੀ, ਵਾਰੀ, ਮਾਹੁ ਹੋਆ ॥	ਚਸਿਆਂ, ਘੜੀਆਂ, ਪਹਰਾਂ, ਥਿਤੀਂ, ਵਾਰੀਂ	ਇਹ ਸਭ ਬਹੁਵਚਨ ਸ਼ਬਦ ਹਨ।

ਸੰਥਿਆ ਸ੍ਰੀ ਸੋਹਿਲਾ ਸਾਹਿਬ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਸੂਰਜੁ ਏਕੋ, ਰੁਤਿ ਅਨੇਕ ॥		
ਨਾਨਕ, ਕਰਤੇ ਕੇ ਕੇਤੇ ਵੇਸ ॥੨॥੨॥		
ਰਾਗੁ ਧਨਾਸਰੀ, ਮਹਲਾ ੧ ॥		
ਗਗਨਮੈ ਥਾਲੁ, ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ॥		"ਗਗਨਮੈ" ਨੂੰ ਪਦਛੇਦ ਕਰਕੇ "ਗਗਨ ਮੈ" ਉਚਾਰਨਾ ਠੀਕ ਨਹੀਂ ਹੈ।
ਧੂਪੁ ਮਲਆਨਲੋ, ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ॥੧॥		"ਮਲਅਨਾਲੋ" ਦਾ ਉਚਾਰਨ ਮਲਿਆਨਲੋ ਕਰਨਾ ਗਲਤ ਹੈ।
ਕੈਸੀ ਆਰਤੀ ਹੋਇ ॥ ਭਵ ਖੰਡਨਾ, ਤੇਰੀ ਆਰਤੀ ॥		
ਅਨਹਤਾ ਸਬਦ, ਵਾਜੰਤ ਭੇਰੀ ॥੧॥ ਰਹਾਉ ॥	ਸ਼ਬਦ	
ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ, ਨਨਾ ਏਕ ਤੁੋਹੀ ॥	ਹਹਿਂ, ਤੁੋਹੀ = ਤੋਹੀ	"ਤੁੋਹੀ" ਦਾ ਉਚਾਰਨ ਹੈ "ਤੋਹੀ"। ਇਸ ਨੂੰ ਔਂਕੜ ਮੂਲ ਰੂਪ ਵਜੋਂ ਲਗਿਆ ਹੈ ਪਰ ਹੋੜਾ ਉਚਾਰਨ ਵਾਸਤੇ ਹੈ।
ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ, ਸਹਸ ਤਵ ਗੰਧ, ਇਵ ਚਲਤ ਮੋਹੀ ॥੨॥	ਚਲੱਤ	ਚਲਤ ਦਾ ਭਾਵ ਹੈ ਚਲਣਾ ਜਦਕਿ ਚਲੱਤ ਦਾ ਭਾਵ ਹੈ ਹੈਰਾਨ ਕਰਨ ਵਾਲੇ ਕੌਤਕ।
ਸਭ ਮਹਿ ਜੋਤਿ, ਜੋਤਿ ਹੈ ਸੋਇ ॥		
ਤਿਸਦੈ ਚਾਨਣਿ, ਸਭ ਮਹਿ ਚਾਨਣੁ ਹੋਇ ॥		
ਗੁਰ ਸਾਖੀ, ਜੋਤਿ ਪਰਗਟੁ ਹੋਇ ॥		
ਜੋ ਤਿਸੁ ਭਾਵੈ, ਸੁ ਆਰਤੀ ਹੋਇ ॥੩॥		
ਹਰਿ ਚਰਣ ਕਵਲ ਮਕਰੰਦ, ਲੋਭਿਤ ਮਨੋ, ਅਨਦਿਨੁੋ ਮੋਹਿ ਆਹੀ ਪਿਆਸਾ ॥	ਅਨਦਿਨੁੋ = ਅਨਦਿਨੋ	"ਅਨਦਿਨੁੋ" ਦਾ ਉਚਾਰਨ ਹੈ "ਅਨਦਿਨੋ"। ਇਸ ਨੂੰ ਔਂਕੜ ਮੂਲ ਰੂਪ ਵਜੋਂ ਲਗਿਆ ਹੈ ਪਰ ਹੋੜਾ ਉਚਾਰਨ ਵਾਸਤੇ ਹੈ।
ਕ੍ਰਿਪਾ, ਜਲੁ ਦੇਹਿ, ਨਾਨਕ ਸਾਰਿੰਗ ਕਉ, ਹੋਇ ਜਾ ਤੇ, ਤੇਰੈ ਨਾਇ ਵਾਸਾ ॥੪॥੩॥	ਜਾਂ, ਨਾਂਇਂ	"ਕ੍ਰਿਪਾ ਜਲੁ ਦੇਹਿ" ਇਕੱਠਾ ਨਹੀਂ ਉਚਾਰਣਾ ਕਿਉਂਕਿ ਇਸ ਤਰਾਂ ਭਾਵ ਨਿਕਲੇਗਾ - ਕ੍ਰਿਪਾ-ਜਲ ਦੇਵੋ, ਜਦਕਿ ਭਾਵ ਹੈ - ਕ੍ਰਿਪਾ ਕਰਕੇ ਜਲ ਦੇਵੋ। ਸੋ ਕ੍ਰਿਪਾ ਤੇ ਛੋਟਾ ਬਿਸ਼ਰਾਮ ਜ਼ਰੂਰੀ ਹੈ।
ਰਾਗੁ ਗਉੜੀ ਪੂਰਬੀ, ਮਹਲਾ ੪ ॥		

ਸੰਥਿਆ ਸ੍ਰੀ ਸੋਹਿਲਾ ਸਾਹਿਬ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਕਾਮਿ ਕਰੋਧਿ ਨਗਰੁ ਬਹੁ ਭਰਿਆ, ਮਿਲਿ ਸਾਧੂ, ਖੰਡਲ ਖੰਡਾ ਹੇ ॥		
ਪੂਰਬਿ ਲਿਖਤ ਲਿਖੇ, ਗੁਰੁ ਪਾਇਆ, ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥		
ਕਰਿ ਸਾਧੂ ਅੰਜੁਲੀ, ਪੁਨੁ ਵਡਾ ਹੇ ॥		
ਕਰਿ ਡੰਡਉਤ, ਪੁਨੁ ਵਡਾ ਹੇ ॥੧॥ ਰਹਾਉ ॥		
ਸਾਕਤ, ਹਰਿ ਰਸ ਸਾਦੁ ਨ ਜਾਣਿਆ, ਤਿਨ ਅੰਤਰਿ ਹਉਮੈ ਕੰਡਾ ਹੇ ॥		"ਸਾਕਤ" ਤੇ ਛੋਟਾ ਬਿਸ਼ਰਾਮ ਜ਼ਰੂਰੀ ਹੈ ਜੀ।
ਜਿਉ ਜਿਉ ਚਲਹਿ, ਚੁਭੈ, ਦੁਖੁ ਪਾਵਹਿ, ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥	ਜਿਉਂ, ਚਲਹਿਂ, ਪਾਵਹਿਂ, ਸਹਹਿਂ	ਜਿਉ ਦਾ ਉਚਾਰਨ ਹਮੇਸ਼ਾ ਜਿਉਂ ਹੀ ਹੁੰਦਾ ਹੈ। ੨. ਚਲਹਿ, ਪਾਵਹਿ ਤੇ ਸਹਹਿ ਦਾ ਉਚਾਰਨ ਨਾਸਕੀ ਹੈ ਕਿਉਂਕਿ ਇਹ ਅਨਪੁਰਖ ਬਹੁਵਚਨ ਕਿਰਿਆਵਾਂ ਹਨ।
ਹਰਿ ਜਨ ਹਰਿ ਹਰਿ ਨਾਮਿ ਸਮਾਣੇ, ਦੁਖੁ ਜਨਮ ਮਰਣ ਭਵ ਖੰਡਾ ਹੇ ॥		
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ, ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥	ਅਬਿਨਾਸ਼ੀ, ਪਰਮੇਸ਼ਰੁ, ਸ਼ੋਭ	
ਹਮ ਗਰੀਬ ਮਸਕੀਨ, ਪ੍ਰਭ, ਤੇਰੇ, ਹਰਿ ਰਾਖੁ ਰਾਖੁ ਵਡ ਵਡਾ ਹੇ ॥		
ਜਨ ਨਾਨਕ, ਨਾਮੁ ਅਧਾਰੁ ਟੇਕ ਹੈ, ਹਰਿ ਨਾਮੇ ਹੀ, ਸੁਖੁ ਮੰਡਾ ਹੇ ॥੪॥੪॥		
ਰਾਗੁ ਗਉੜੀ ਪੂਰਬੀ, ਮਹਲਾ ੫ ॥		
ਕਰਉ ਬੇਨੰਤੀ, ਸੁਣਹੁ ਮੇਰੇ ਮੀਤਾ, ਸੰਤ ਟਹਲ ਕੀ ਬੇਲਾ ॥	ਕਰਉਂ	ਕਰਉਂ ਬੇਨੰਤੀ – ਮੈਂ ਬੇਨਤੀ ਕਰਦਾ ਹਾਂ – ਉਤਮ ਪੁਰਖ ਕਿਰਿਆ।
ਈਹਾ, ਖਾਟਿ ਚਲਹੁ ਹਰਿ ਲਾਹਾ, ਆਗੈ ਬਸਨੁ ਸੁਹੇਲਾ ॥੧॥	ਈਹਾਂ	
ਅਉਧ ਘਟੈ, ਦਿਨਸੁ ਰੈਣਾਰੇ ॥		
ਮਨ, ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥		
ਇਹੁ ਸੰਸਾਰੁ ਬਿਕਾਰੁ, ਸੰਸੇ ਮਹਿ, ਤਰਿਓ ਬ੍ਰਹਮ ਗਿਆਨੀ ॥		"ਪੀਆਵੈ" ਦਾ ਉਚਾਰਨ "ਪਿਆਵੈ" ਕਰਨਾ ਠੀਕ ਨਹੀਂ ਹੈ।
ਜਿਸਹਿ ਜਗਾਇ, ਪੀਆਵੈ ਇਹੁ ਰਸੁ, ਅਕਥ ਕਥਾ ਤਿਨਿ ਜਾਨੀ ॥੨॥	ਅੱਕਥ	
ਜਾ ਕਉ ਆਏ, ਸੋਈ ਬਿਹਾਝਹੁ, ਹਰਿ ਗੁਰ ਤੇ, ਮਨਹਿ ਬਸੇਰਾ ॥		ਨਿਜ ਘਰ ਵਿਖੇ ਸਹਜੇ ਹੀ ਮਹਲੁ ਪਾਵੋ, ਤੇ ਫੇਰ ਦੁਬਾਰਾ ਸੰਸਾਰ ਵਿਖੇ ਫੇਰਾ ਨਹੀਂ ਹੋਣ ਪਾਏਗਾ।
ਨਿਜ ਘਰਿ, ਮਹਲੁ ਪਾਵਹੁ ਸੁਖ ਸਹਜੇ, ਬਹੁਰਿ, ਨ ਹੋਇਗੋ ਫੇਰਾ ॥੩॥		

ਸੰਥਿਆ ਸ੍ਰੀ ਸੋਹਿਲਾ ਸਾਹਿਬ

ਗੁਰਬਾਣੀ ਪਾਠ	ਉਚਾਰਨ ਸੇਧ	ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ
ਅੰਤਰਜਾਮੀ ਪੁਰਖ ਬਿਧਾਤੇ, ਸਰਧਾ ਮਨ ਕੀ ਪੂਰੇ ॥	ਸ਼ਰਧਾ	
ਨਾਨਕ ਦਾਸੁ, ਇਹੈ ਸੁਖੁ ਮਾਗੈ, ਮੋਕਉ ਕਰਿ ਸੰਤਨ ਕੀ ਧੂਰੇ ॥੪॥੫॥	ਮਾਂਗੈ	